© 2021 IJRTI | Volume 6, Issue 10 | ISSN: 2456-3315

# 21ਵੀਂ ਸਦੀ ਦਾ ਭਾਰਤੀ ਸਿਨੇਮਾ ਘਰਾਂ ਵਿੱਚ ਯੋਗਦਾਨ

ਅਸਿਸਟੈਂਟ ਪ੍ਰੋ: ਅਮਨਦੀਪ ਕੌਰ, (ਸਤਿਅਮ ਕਾਲਜ ਫਾਰ ਗਰਲਜ਼, ਸੱਯਦਵਾਲਾ।

ਸਿਨੇਮਾ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਜਿਸ ਵਿੱਚ ਸਮਾਜ ਦਾ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ ਦਾ ਚਿਹਰਾ ਵਿਖਾਈ ਦਿੰਦਾ ਹੈ। ਸਿਨੇਮੇ ਨਾਲ ਹਰ ਮਨੁੱਖ ਕਿਸੇ ਨਾ ਕਿਸੇ ਰੂਪ 'ਚ ਜੁੜਿਆ ਹੋਇਆ ਮਹਿਸੂਸ ਕਰਦਾ ਹੈ।ਸਿਨੇਮਾ ਜਿੱਥੇ ਇਕ ਪਾਸੇ ਲੋਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਦੂਜੇ ਪਾਸੇ ਲੋਕਾਂ ਦੇ ਸੋਚਣ-ਸਮਝਣ ਦੇ ਦਾਇਰੇ ਨੂੰ ਵਧਾਉਂਦਾ ਹੈ। ਹਿੰਦੀ ਸਿਨੇਮਾਂ ਦੇ ਜਨਮਦਾਤਾ ਦਾਦਾ ਸਾਹਿਬ ਫਾਲਕੇ ਨੇ 1919 'ਚ ਕਿਹਾ ਸੀ:-

"ਫਿਲਮ ਮਨੋਰੰਜਨ ਦਾ ਵਧੀਆ ਸਾਧਨ ਹੈ, ਪਰ ਜਾਣਕਾਰੀ ਵਧਾਉਣ ਲਈ ਬਹੁਤ ਚੰਗਾ ਰਸਤਾ ਹੈ।"1

ਭਾਰਤੀ ਸਿਨੇਮੇ ਦੀ ਸ਼ੁਰੂਆਤ 1913 'ਚ ਦਾਦਾ ਸਾਹਿਬ ਫਾਲਕੇ ਫਿਲਮ 'ਰਾਜਾ ਹਰੀਸ਼ਚੰਦਰ' ਤੋਂ ਹੋਈ ਸੀ।ਇਸ ਫਿਲਮ ਨੂੰ ਕਾਫੀ ਪ੍ਰਸਿੱਧੀ ਵੀ ਮਿਲੀ।ਭਾਰਤੀ ਸਿਨੇਮਾ ਦੀ ਪਹਿਲੀ ਬੋਲਦੀ ਫਿਲਮ 'ਆਲਮ ਆਰਾ' ਸੀ, ਜਿਸ ਦੇ ਨਿਰਦੇਸ਼ਕ ਅਰਦੇਸ਼ਿਰ ਈਰਾਨੀ ਸਨ।ਇਸ ਦੌਰ ਤੋਂ ਬੋਲਦੀਆਂ ਫਿਲਮਾਂ ਦਾ ਸਿਲਸਿਲਾ ਸ਼ੁਰੂ ਹੋਇਆ।ਜਿਸ ਤਰ੍ਹਾਂ ਸਮੇਂ 'ਚ ਬਦਲਾਅ ਹੁੰਦਾ ਗਿਆ, ਉਸੇ ਤਰ੍ਹਾਂ ਸਿਨੇਮਾ 'ਚ ਵੀ ਬਦਲਾਅ ਆਉਂਦਾ ਗਿਆ। ਸਿਨੇਮਾ ਦਾ ਬਲੈਕ ਅਤੇ ਵਾਈਟ ਤੋਂ ਰੰਗੀਨ ਤਕ ਦਾ ਸਫ਼ਰ ਇਕ ਇਤਿਹਾਸ ਰਚਦਾ ਹੈ ਅਤੇ ਇਹ ਸਫਰ ਹੀ ਸਿਨੇਮਾ ਲਈ ਵੱਡਾ ਬਾਜ਼ਾਰ ਵੀ ਤੈਅ ਕਰਦਾ ਹੈ।ਸਿਨੇਮਾ ਦੇ ਸ਼ੁਰੂਆਤੀ ਦੌਰ 'ਚ ਜਿੱਥੇ ਇਕ ਫਿਲਮ ਕਈ ਮਹੀਨਿਆਂ ਵਿੱਚ ਕਾਰੋਬਾਰ ਕਰਦੀ ਸੀ, ਅੱਜ ਓਨਾ ਹੀ ਕਾਰੋਬਾਰ ਇਕ ਫਿਲਮ ਇਕ ਹਫਤੇ 'ਚ ਕਰ ਲੈਂਦੀ ਹੈ।1930 ਦੇ ਆਸਪਾਸ ਮਹੀਨੇ 'ਚ ਇਕ ਫਿਲਮ ਰੀਲੀਜ ਹੁੰਦੀ ਸੀ। ਲੋਕ ਉਦੋਂ ਇਕ ਹੀ ਫਿਲਮ ਕਈ-ਕਈ ਵਾਰ ਵੇਖਦੇ ਸਨ, ਪਰ ਹੁਣ ਇਕ ਹਫ਼ਤੇ 'ਚ ਕਈ ਫਿਲਮਾਂ ਰੀਲੀਜ਼ ਹੁੰਦੀਆਂ ਹਨ ਅਤੇ ਸਮੇਂ ਦੀ ਕਮੀ ਕਾਰਨ ਸਾਰੀਆਂ ਫਿਲਮਾਂ ਨੂੰ ਵੇਖ ਪਾਉਣਾ ਸੰਭਵ ਨਹੀਂ ਹੈ।ਇਸੇ ਲਈ ਲੋਕ ਕੁੱਝ ਚੋਣਵੀਆਂ ਅਤੇ ਉੱਚ ਪੱਧਰ ਦੀਆਂ ਫਿਲਮਾਂ ਹੀ ਵੇਖਣੀਆਂ ਪਸੰਦ ਕਰਦੇ ਹਨ।

21ਵੀਂ ਸਦੀਂ 'ਚ ਹਿੰਦੀ ਸਿਨੇਮਾ ਨੇ ਬਹੁਤ ਸਾਰੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਤੋੜਿਆ ਹੈ।ਸਿਨੇਮੇ ਨੇ ਸਮੇਂ ਦੇ ਨਾਲ -ਨਾਲ ਦਰਸ਼ਕਾਂ ਦੀ ਪਸੰਦ-ਨਾਪਸੰਦ ਨੂੰ ਸਮਝ ਕੇ ਓਸੇ ਅਨੁਸਾਰ ਇਕ ਨਵਾਂ ਦਰਸ਼ਕ ਵਰਗ ਵੀ ਤਿਆਰ ਕੀਤਾ ਹੈ।ਇਸ ਨੇ ਵਿਸ਼ਾ, ਭਾਸ਼ਾ, ਵਾਤਾਵਰਣ, ਪੇਸ਼ਕਸ਼ ਸਾਰੇ ਪੱਧਰਾਂ 'ਤੇ ਖੁਦ 'ਚ ਬਦਲਾਅ ਕੀਤਾ ਹੈ।1913 ਦੇ ਦੌਰ 'ਚ ਇਤਿਹਾਸਿਕ ਫਿਲਮਾਂ ਹੀ ਸਿਨੇਮਾ ਘਰਾਂ 'ਚ ਵੇਖਣ ਨੂੰ ਮਿਲਦੀਆਂ ਸਨ। ਇਨ੍ਹਾਂ ਫਿਲਮਾਂ 'ਚ ਭਾਰਤ ਦੇ ਸਭਿਆਚਾਰ, ਸੰਸਕ੍ਰਿਤੀ ਅਤੇ ਇਤਿਹਾਸ ਨੂੰ ਮੁੱਖ ਤੌਰ 'ਤੇ ਵਿਖਾਇਆ ਗਿਆ।1950 'ਚ ਰੰਗੀਨ ਫਿਲਮਾਂ ਦਾ ਦੌਰ ਸ਼ੁਰੂ ਹੋਇਆ।ਇਸ ਦੌਰ 'ਚ ਪ੍ਰੇਮ ਕਹਾਣੀਆਂ ਦੇ ਵਿਸ਼ੇ 'ਤੇ ਜ਼ਿਆਦਾ ਫਿਲਮਾਂ ਬਣੀਆਂ।ਲੈਲਾਂ-ਮਜਨੂੰ, ਹੀਰ-ਰਾਝਾਂ, ਸੋਹਣੀ ਮਹੀਵਾਲ, ਸ਼ੀਰੀ-ਫਰਹਾਦ ਫਿਲਮਾਂ ਨੇ ਇਸ ਦੌਰ 'ਚ ਬਹੁਤ ਪ੍ਰਸਿੱਧੀ ਖੱਟੀ।

1960 ਤੋਂ 1970 ਦੇ ਦੌਰ 'ਚ ਫਿਲਮਾਂ ਨੇ ਆਪਣਾ ਰੁਖ ਰਾਜਨੀਤੀ, ਹਿੰਸਾ, ਸਾਮਾਜਿਕ ਸ਼ੋਸ਼ਣ ਅਤੇ ਮੁਸ਼ਕਲਾਂ ਤੋਂ ਪ੍ਰੇਸ਼ਾਨ ਲੋਕਾਂ ਵੱਲ ਕੀਤਾ।ਸਾਰੇ ਉਲਝੇ ਰਿਸ਼ਤਿਆਂ ਨੂੰ ਬਹੁਤ ਡੂੰਘਾਈ ਨਾਲ ਫਿਲਮਾਂ 'ਚ ਪੇਸ਼ ਕੀਤਾ।1913 ਤੇ 1970 ਦੇ ਦਹਾਕੇ 'ਚ ਭਾਰਤੀ ਸਿਨੇਮੇ 'ਚ ਬਹੁਤ ਬਦਲਾਅ ਆਇਆ।ਇਹ ਬਦਲਾਅ ਸਮਾਜ ਦੇ ਨਾਲ ਕਦਮ ਤੋਂ ਕਦਮ ਮਿਲਾ ਕੇ ਅੱਗੇ ਵਧਣ ਲਈ ਜ਼ਰੂਰੀ ਹੈ।

19ਵੀਂ ਸਦੀ 'ਚ ਭਾਰਤੀ ਸਿਨੇਮੇ 'ਚ ਸੱਭਿਅਤਾ ਅਤੇ ਮਰਿਆਦਾ ਨੂੰ ਬਚਾ ਕੇ ਰੱਖਿਆ ਜਾਂਦਾ ਸੀ।ਪਰ ਅੱਜ ਇਸ ਸੱਭਿਅਤਾ ਅਤੇ ਮਰਿਆਦਾ ਨੂੰ ਉਧੇੜਿਆ ਜਾ ਰਿਹਾ ਹੈ।ਉਸ ਦੇ ਅੰਦਰ ਲੁਕੀਆਂ-ਦੱਬੀਆਂ ਬੁਰਾਈਆਂ ਨੂੰ ਫਿਲਮਾਂ ਰਾਹੀਂ ਸਮਾਜ ਅਗ਼ਖੇ ਪੇਸ਼ ਕੀਤਾ

ਜਾ ਰਿਹਾ ਹੈ।ਅੱਜ ਦੀਆਂ ਫਿਲਮਾਂ ਸਮਾਜ ਦੀ ਮਰਿਆਦਾ ਨੂੰ ਇਕ ਪਾਸੇ ਰੱਖ ਕੇ ਨਵਾਂ ਅਧਿਆਇ ਲਿਖ ਰਹੀਆਂ ਹਨ।ਇਸ ਅਧਿਆਇ 'ਚ ਔਰਤਾਂ ਉਹ ਸਾਰੀਆਂ ਪਾਬੰਦੀਆਂ ਤੋੜਦੀਆਂ ਹਨ, ਜਿਨ੍ਹਾਂ ਨੂੰ ਉਹ ਪਿਛਲੇ ਕਈ ਸਾਲਾਂ ਤੋਂ ਢੋਹ ਰਹੀਆਂ ਸਨ।ਮਰਦ ਵੀ ਇਸ ਅਧਿਆਇ 'ਚ ਔਰਤਾਂ ਦਾ ਸਹਿਯੋਗ ਦੇ ਰਹੇ ਹਨ, ਜਦਕਿ 19ਵੀਂ ਸਦੀ 'ਚ ਸਮਾਜ ਦੇ ਡਰੋਂ ਮਰਦ ਕੋਸ਼ਿਸ਼ਾਂ ਤੋਂ ਬਾਅਦ ਵੀ ਔਰਤ ਦੀ ਮਦਦ ਨਹੀਂ ਕਰ ਸਕਦੇ ਸਨ। ਅੱਜ ਉਨ੍ਹਾਂ ਸਾਰੇ ਵਿਸ਼ਿਆਂ 'ਤੇ ਫਿਲਮਾਂ ਬਣ ਰਹੀਆਂ ਹਨ, ਜਿਨ੍ਹਾਂ ਨੂੰ ਸਮਾਜ 'ਚ ਕਦੇ ਲੁਕਾਇਆ ਜਾਂਦਾ ਸੀ।ਜਿਵੇਂ ਮਾਨਸਿਕ ਰੋਗ, ਸਮਲਿੰਗੀ, ਔਰਤ ਬਾਜ਼ਾਰ, ਲਿਵਇਨ ਰਿਲੇਸ਼ਨਸ਼ਿਪ, ਤਲਾਕ, ਇਕ ਤੋਂ ਵੱਧ ਪ੍ਰੇਮ ਸਬੰਧ, ਅੱਜ ਦੇ ਫਿਲਮੀ ਦੌਰ 'ਤੇ ਸਮਾਜ ਦਾ ਅਸਲ ਰੂਪ ਪੇਸ਼ ਕੀਤਾ ਜਾ ਰਿਹਾ ਹੈ। ਅਜਿਹੇ 'ਚ ਸਮਾਜ ਦੇ ਕੁੱਝ ਪ੍ਰੇਰਣਾ ਅਤੇ ਪ੍ਰਭਾਵਪੂਰਨ ਕਿਰਦਾਰਾਂ ਨੂੰ ਕੇਂਦਰਤ ਕਰ ਕੇ ਫਿਲਮਾਂ ਬਣਾਈਆਂ ਜਾ ਰਹੀਆਂ ਹਨ, ਜੋ ਦਰਸ਼ਕਾਂ ਵਿਚਕਾਰ ਬਹੁਤ ਪ੍ਰਸਿੱਧ ਹੋ ਰਹੀਆਂ ਹਨ।ਮੈਰੀਕਾਮ, ਭਾਗ ਮਿਲਖਾ ਭਾਗ, ਪਾਨ ਸਿੰਘ ਤੋਮਰ, ਐਮ.ਐਸ. ਧੋਨੀ ਆਦਿ।ਇਹ ਸਾਰੀਆਂ ਅਜਿਹੀਆਂ ਫਿਲਮਾਂ ਹਨ, ਜੋ ਸਮਾਜ ਨੂੰ ਆਪਣੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਣਾ ਦਿੰਦੀਆਂ ਹਨ।ਅੱਜ ਦੇ ਦਰਸ਼ਕ ਕੁੱਝ ਵੀ ਵੇਖਣ ਤੋਂ ਪ੍ਰਹੇਜ਼ ਨਹੀਂ ਕਰਦੇ।ਉਹ ਸੱਭ ਕੁੱਝ ਸਵੀਕਾਰ ਕਰ ਕੇ ਸਮਾਜ ਨੂੰ ਜਾਣਨ 'ਚ ਵਿਸ਼ਵਾਸ਼ ਕਰ ਰਹੇ ਹਨ। ਜਿੱਥੇ ਅੱਜ ਦਾ ਬਾਜ਼ਾਰਵਾਦ ਫਿਲਮਾਂ 'ਤੇ ਹਾਵੀ ਹੈ, ਉਥੇ ਸਪੱਸ਼ਟ ਕਹਾਣੀਆਂ ਦਾ ਚਲਣ ਵੀ ਹੈ।ਬਾਜ਼ਾਰਵਾਦ ਕਾਰਨ ਕਈ ਵਾਰ ਅਸ਼ਲੀਲ ਅਤੇ ਬੇਬੁਨਿਆਦੀ ਕਹਾਣੀਆਂ ਲਿਖੀਆਂ ਜਾਂਦੀਆਂ ਹਨ, ਜੋ ਦਰਸ਼ਕਾਂ 'ਚ ਸਿਰਫ ਕੁੱਝ ਪਲ ਦਾ ਰੋਮਾਂਚ ਤਾਂ ਭਰਦੀਆਂ ਹਨ, ਪਰ ਦਰ੍ਸ਼ਕਾਂ ਦੇ ਮਨ 'ਤੇ ਇਕ ਫੀਸਦੀ ਵੀ ਛਾਪ ਨਹੀਂ ਛੱਡਦੀਆਂ।ਹੁਣ ਦੇ ਦੌਰ 'ਤੇ ਹਾਸਾ-ਮਜਾਕ ਵਾਲੀਆਂ ਫਿਲਮਾਂ ਵੀ ਅਸ਼ਲੀਲਤਾਂ ਦਾ ਰੂਪ ਲੈ ਚੁੱਕੀਆਂ ਹਨ।ਅਸ਼ਲੀਲਤਾ ਕਈ ਵਾਰ ਹਾਸੇ ਦੇ ਬਜਾਏ ਨਫ਼ਰਤ ਦਾ ਰੂਪ ਲੈ ਲੈਂਦੀ ਹੈ।

21ਵੀਂ ਸਦੀ 'ਚ ਰੋਜ਼ ਫਿਲਮਾਂ 'ਚ ਨਵੇਂ-ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ।ਇਨ੍ਹਾਂ ਤਜ਼ਰਬਿਆਂ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ।ਸਮੇਂ ਦੇ ਨਾਲ-ਨਾਲ ਹਰੇਕ ਰੂਪ ਅਤੇ ਵਾਤਾਵਰਣ 'ਚ ਬਦਲਾਅ ਹੀ ਸਿਨੇਮਾ ਹੈ।ਪਰ ਸਿਨੇਮੇ ਨੂੰ ਅਸ਼ਲੀਲ ਅਤੇ ਨਿਰਾਧਾਰ ਰੂਪ 'ਚ ਬਦਲ ਦੇਣਾ ਠੀਕ ਨਹੀਂ ਹੈ।ਹਾਲ ਹੀ 'ਚ 'ਸੁਲਤਾਨ' ਫਿਲਮ ਨੇ ਬਹੁਤ ਪ੍ਰਸਿੱਧੀ ਖੱਟੀ।ਇਸ ਫਿਲਮ ਨਾਲ ਜ਼ਮੀਨੀ ਪੱਧਰ 'ਤੇ ਹਰੇਕ ਵਿਅਕਤੀ ਜੁੜਿਆ ਹੋਇਆ ਮਹਿਸੂਸ ਕਰਦਾ ਹੈ, ਫਿਲਮਾਂ ਅਜਿਹੀਆਂ ਹੋਣ ਜਿਨ੍ਹਾਂ ਨਾਲ ਜੁੜਾਵ ਮਹਿਸੂਸ ਹੋਵੇ, ਸੋਚਣ-ਸਮਝਣ ਦੀ ਸ਼ਕਤੀ ਦਾ ਵਿਕਾਸ ਹੋਵੇ ਅਤੇ ਮਨੋਰੰਜਨ ਦੇ ਨਾਲ ਨਾਲ ਇੱਕ ਸਕਾਰਤਮਕ ਟੀਚਾ ਵੀ ਹੋਵੇ।ਅਜਿਹੀ ਫਿਲਮ ਨੂੰ ਹੀ ਅਸਲ ਸ਼ੀਸ਼ਾ ਮੰਨਿਆ ਜਾਂਦਾ ਰਹੇਗਾ।

ਭਾਰਤ ਵਿਚ ਸਿਨੇਮਾ ਇਕ ਸਦੀ ਪੁਰਾਣੀ ਸੰਸਥਾ ਹੈ, ਮੰਨੋਰੰਜਨਦੇ ਸਭ ਤੋਂ ਪ੍ਰਸਿੱਧ ਸਾਧਨਾਂ ਵਿੱਚੋਂ ਇੱਕ ਹੋਣ ਤੋਂ ਇਲਾਵਾ, ਭਾਰਤ ਵਿੱਚ ਸਿਨੇਮਾ ਨੂੰ ਆਧੁਨਿਕ ਭਾਰਤੀ ਦੇਸ਼ ਦੇ 'ਜੀਵੰਤ ਸੰਗ੍ਰਿਹ' ਵਜੋਂ ਵੀ ਦਰਸਾਇਆ ਜਾ ਸਕਦਾ ਹੈ- ਇਸਦਾ ਸਮਾਜ, ਸਭਿਆਚਾਰ ਅਤੇ ਰਾਜਨੀਤੀ, ਪਿਛਲੇ ਸੌ ਸਾਲਾਂ ਵਿੱਚ ਪੈਦਾ ਹੋਏ ਸਿਨੇਮੈਟਿਕ ਵਰਣਨ ਦੀ ਇੱਕ ਨਾਜ਼ੁਕ ਜਾਂਚ, ਦੇਸ਼ ਦੇ ਲਗਾਤਾਰ ਵਿਕਾਸ ਸਮਾਜਿਕ-ਰਾਜਨੀਤਿਕ ਢਾਂਚੇ ਅਤੇ ਵਿਚਾਰਧਾਰਕ ਚਰਿੱਤਰ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ, ਭਾਰਤੀ ਸਿਨੇਮਾ ਦਾ ਬਹੁ-ਸੱਭਿਆਚਾਰਕ, ਬਹੁ-ਭਾਸ਼ਾਈ ਅਤੇ ਬਹੁ-ਖੇਤਰੀ ਮੇਕਅੱਪ ਨਾ ਸਿਰਫ 'ਭਾਰਤ ਦੇ ਵਿਚਾਰ' ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਬਲਕਿ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਅਤੇ ਵੱਖੋ-ਵੱਖ ਵਿਸ਼ਿਆਂ ਦੇ ਅਹੁਦਿਆਂ ਤੋਂ ਵੱਖਰੇ ਢੰਗ ਨਾਲ ਪਹੁੰਚਣ ਦੇ ਵੱਖਰੇ ਤਰੀਕੇ ਵੀ ਪੇਸ਼ ਕਰਦਾ ਹੈ।ਡਾ. ਗੁਰਮੁਖ ਸਿੰਘ ਦੇ ਅਨੁਸਾਰ:-

"ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਇਹ ਪੂੰਜੀਵਾਦੀ ਮੀਡੀਏ ਦਾ ਯੁੱਗ ਹੈ।ਇਸ ਦਾ ਉਦੇਸ਼ ਕਿਸੇ ਸਾਰਥਕ ਮਾਨਵੀ ਸਰਗਰਮੀ ਦੀ ਥਾ ਵਪਾਰ ਅਤੇ ਮੁਨਾਫਾ ਹੈ।ਇਸ ਉਦੇਸ਼ ਦੀ ਪ੍ਰਾਪਤੀ ਲਈ ਇਹ ਇੱਕ ਤੋਂ ਵੱਧ ਜੁਗਤਾਂ ਵਰਤਦਾ ਹੈ।ਪਹਿਲੀ ਜੁਗਤ ਅਧੀਨ ਇਹ ਦਰਸ਼ਕ/ਸਰੋਤੇ ਦੀ ਭਾਲ ਕਰਦਾ ਹੈ ਅਤੇ ਫਿਰ ਲੋਕ-ਮਨ ਦੀਆਂ ਇੱਛਾਵਾਂ, ਰੀਝਾਂ ਅਤੇ ਉਮੰਗਾਂ ਅਨੁਸਾਰੀ ਸਿਰਜੇ ਦ੍ਰਿਸ਼ਾਂ

ਅਤੇ ਘਟਨਾਵਾਂ ਦੇ ਮਾਇਆ ਜਾਲ ਰਾਹੀਂ ਉਸ ਦੇ ਧੁਰ ਅੰਦਰ ਤੱਕ ਰਸਾਈ ਬਣਾਉਂਦਾ ਹੈ।ਮੀਡੀਆ ਲੋਕ-ਮਨ ਨੂੰ ਆਪਣੇ ਨਾਲ ਇਸ ਕਦਰ ਜੋੜ ਲੈਂਦਾ ਹੈ ਕਿ ਉਸ ਤੋਂ ਬਿਨਾਂ ਲੋਕ-ਮਨ ਨੂੰ ਆਪਦਾ ਅਸਤਿਤਵ ਹੀ ਅਧੂਰਾ ਨਜ਼ਰ ਆਉਣ ਲੱਗਦਾ ਹੈ।ਇਸ ਸਥਿਤੀ ਵਿੱਚ ਉਹ ਲੋਕ-ਮਨ ਨੂੰ ਉਸ ਦੀ ਬਾਬਤ ਦਿਸ਼ਾ ਨਿਰਦੇਸ਼ ਦੇਣ ਲੱਗਦਾ ਹੈ।ਉਸ ਦੇ ਚਰਿੱਤਰ ਦੀ ਉਸਾਰੀ ਦਾ ਸਭ ਤੋਂ ਪ੍ਰਭਾਵਸ਼ਾਲੀ ਨਿਰਧਾਰਕ ਬਣ ਬੈਠਦਾ ਹੈ।"2

21 ਵੀਂ ਸਦੀ ਵਿੱਚ, ਭਾਰਤ ਦਾ ਇੱਕ ਰਹੱਸਮਈ ਵਿਚਾਰ ਉਭਾਰ ਰਿਹਾ ਹੈ।ਜੋ ਇਕੋਂ ਸਮੇਂ ਤੇ ਆਸ਼ਾਵਾਦੀ ਵੀ ਹੈਅਤੇ ਨਿਰਾਸ਼ਾਵਾਦੀ ਵੀ ਹੈ।ਜਨਤਕ ਖੇਤਰ ਦੇ ਅੰਦਰ ਆਪਣੇ ਮਹੱਤਵਪੂਰਣ ਵਿਰੋਧੀ ਤੱਥਾਂ ਦੇ ਨਾਲ ਭਾਰਤ ਦੇ ਇੱਕ ਸ਼ਾਨਦਾਰ ਖਾਕੇ ਨੂੰ ਜੋੜਦਾ ਹੈ।ਅਰਥ ਵਿਵਸਥਾ ਦੇ ਮੁੜ ਉਤਰਨ, ਜਨਤਕ ਮੀਡੀਆ ਦੀ ਪਸਾਰ, ਲਗਾਤਾਰ ਮੱਧ ਵਰਗ ਦਾ ਵਿਸਥਾਰ, ਲੋਕਾਂ ਦੀ ਵਧਦੀ ਹਿੱਸੇਦਾਰੀ, ਤਕਨੀਕੀ ਤਰੱਕੀ ਅਤੇ ਹੋਰ ਲੋਕਪ੍ਰਿਯਤਾ ਵਾਲੇ ਦੇਸ਼ ਦੇ ਪ੍ਰਸ਼ੰਸਾਯੋਗ ਖਾਤਿਆਂ ਲਈ ਖਾਤਾਦੂਜੇ ਪਾਸੇ, ਭ੍ਰਿਸ਼ਟਾਚਾਰ, ਔਰਤਾਂ ਵਿਰੁੱਧ ਅਪਰਾਧ, ਮਾਯੂਸੀ ਵਾਲੀ ਅਸਮਾਨਤਾ ਅਤੇ ਗਰੀਬੀ ਅਤੇ ਧਾਰਮਿਕ ਕੱਟੜਵਾਦ ਵਰਗੇ ਮੁੱਦਿਆਂ ਨੇ ਦੇਸ਼ ਨੂੰ ਦਰਪੇਸ਼ ਔਕੜ ਦੀ ਇਕ ਖ਼ਰਾਬ ਤਸਵੀਰ ਦਿਖਾਈ ਹੈ।ਅਜਿਹਾ ਇਕ ਵਿਰੋਧੀ, ਅਸਪੱਸ਼ਟ ਅਤੇ ਉਲਝਣ ਵਾਲਾ ਚਿੱਤਰ ਗੰਭੀਰ ਚਿੰਤਾ ਦੀ ਮੰਗ ਕਰਦਾ ਹੈ।ਵਿਦਵਾਨਾਂ ਨੇ ਮੌਜੂਦਾ ਦ੍ਰਿਸ਼ਟੀਕੋਣ ਤੋਂ ਗੰਭੀਰ ਮੁਲਾਂਕਣ ਕੀਤੇ ਹਨ: ਹਾਲਾਂਕਿ, ਸਿਨੇਮਾ ਇੱਕ ਕਲਾ ਰੂਪ ਹੈ ਜੋ ਅਤੀਤ ਦਾ ਇੱਕ ਵਿਸ਼ਲੇਸ਼ਣ ਪੇਸ਼ ਕਰਦਾ ਹੈ, ਵਰਤਮਾਨ ਲਈ ਇੱਕ ਸ਼ੀਸ਼ੇ ਅਤੇ ਭਾਰਤ ਦੇ ਭਵਿੱਖ ਲਈ ਇਕ ਦਰਸ਼ਣ ਦਾ ਰੂਪ ਧਾਰਦਾ ਹੈ, ਇਸ ਤਬਦੀਲੀ ਨਾਲ ਸਪੱਸ਼ਟ ਤੌਰ ਤੇ ਵੱਖਰੇ ਢੰਗ ਨਾਲ ਜੁੜਦਾ ਹੈ।ਪਿਛਲੇ ਦਹਾਕੇ ਦੌਰਾਨ, ਭਾਰਤੀ ਸਿਨੇਮੇ ਵਿੱਚ ਮਹੱਤਵਪੂਰਣ ਬਦਲਾਅ ਹੋਇਆ ਹੈ।ਇਸ ਨੇ ਸਮਾਜਕ-ਰਾਜਨੀਤਕ ਮਾਹੌਲ ਦਾ ਵਰਣਨ ਕਰਦੇ ਹੋਏ ਇਕ ਭਾਗੀਦਾਰ ਮੀਡੀਆ ਦੁਆਰਾ ਪ੍ਰਤੀਨਿਧ ਬਣਨ ਦੀ ਯਾਤਰਾ ਨੂੰ ਸੰਬੋਧਿਤ ਕੀਤਾ ਹੈ, ਜੋ ਭਵਿੱਖਬਾਣੀ ਦੇ ਸੰਕਲਪਾਂ ਨੂੰ ਕਾਇਮ ਰੱਖਦਾ ਹੈ।ਡਾ. ਗੁਰਮੁਖ ਸਿੰਘ ਇਸ ਨੂੰ ਇੰਝ ਵਿਚਾਰਦੇ ਹਨ,

"ਪੁਨਰ-ਸੁਰਜੀਤੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਪੰਜਾਬੀ ਸਿਨੇਮਾ ਵੀ ਇਸ ਪ੍ਰਸੰਗ ਵਿਚ ਕੁਝਾਂ ਘੱਟ ਨਹੀਂ ਗੁਜ਼ਾਰ ਰਿਹਾ ਹੈ।ਸੰਸਾਰ ਪੂੰਜੀਵਾਦ ਦੇ ਅਮਲ ਨੂੰ ਉਸਨੇ ਵੀ ਆਤਮ-ਸ਼ਾਂਤ ਕਰ ਲਿਆ ਹੈ ਅਤੇ ਉਹ ਵੀ ਪੰਜਾਬੀ 'ਮੈਂ" ਨੂੰ ਪੂੰਜੀਵਾਦ ਦੇ ਏਜੰਡੇ ਅਨੁਸਾਰ ਢਾਲਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ।ਉਦਾਹਰਨ ਲਈ ਮਨਮੋਹਨ ਸਿੰਘ ਦੁਆਰਾ ਨਿਰਦੇਸ਼ਤ ਅਤੇ ਪ੍ਰਸਿੱਧ ਗਾਇਕ ਹਰਭਜਨ ਮਾਨ ਨੂੰ ਬਤੌਰ ਨਾਇਕ ਪੇਸ਼ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਇਸ ਪ੍ਰਸੰਗ ਵਿੱਚ ਦੇਖੀਆਂ ਜਾਂ ਸਕਦੀਆਂ ਹਨ।ਪੰਜਾਬ ਦੇ ਨੌਜਵਾਨਾਂ ਦੀ ਅਮਰੀਕਾ, ਕੈਨੇਡਾ ਆਦਿ ਹੋਰ ਦੇਸ਼ਾਂ ਵੱਲ ਜਾਣ ਦੀ ਚਾਹਤ ਪਹਿਲਾਂ ਹੀ ਘੱਟ ਨਹੀਂ ਸੀ ਪਰ ਇਨ੍ਹਾਂ ਫ਼ਿਲਮਾਂ ਦੀ ਆਮਦ ਬਲਦੀ ਤੇ ਤੇਲ ਪਾਉਂਦੀ ਹੈ ਅਤੇ ਨਤੀਜੇ ਵਜੋਂ ਪੰਜਾਬੀ ਗੱਭਰੂ ਦੀ ਆਪਣੀ ਭੋਇੰ ਨਾਲ ਜੁੜਨ ਦੀ ਆਸ ਹੋਰ ਮੱਧਮ ਪੈ ਜਾਂਦੀ ਹੈ।ਇਹ ਫਿਲਮਾਂ ਪੰਜਾਬੀਆਂ ਦੇ ਬਾਹਰ ਜਾਣ ਦੇ ਸੁਪਨੇ ਨੂੰ ਆਪਣੀ ਆਰਥਿਕ ਕਮਾਈ ਦੇ ਮਾਧਿਅਮ ਵਜੋਂ ਵਰਤਦੀਆਂ ਹਨ।ਇਹ ਫਿਲਮਾਂ ਪਹਿਲਾਂ ਸੁਪਨੇ ਸਿਰਜਦੀਆਂ ਹਨ ਅਤੇ ਫਿਰ ਉਨ੍ਹਾਂ ਸੁਪਨਿਆਂ ਦਾ ਕਾਰੋਬਾਰ ਕਰਦੀਆਂ ਹਨ।ਇਹ ਸੁਪਨਿਆਂ ਦਾ ਅਜਿਹਾ ਕਾਰੋਬਾਰ ਹੈ, ਜਿਸ ਦਾ ਪੰਜਾਬ ਦੇ ਅਸਲ ਸੰਕਟਾਂ ਨਾਲ ਕੋਈ ਦੂਰ ਨੇੜੇ ਦਾ ਵੀ ਵਾਸਤਾ ਨਹੀਂ।ਇਹ ਸੁਪਨੇ ਕੇਵਲ ਏਧਰਲੇ ਪੰਜਾਬੀਆਂ ਨੂੰ ਹੀ ਨਹੀਂ ਵੇਚੇ ਜਾਂਦੇ ਇਹ ਉਧਰਲੇ ਪੰਜਾਬੀਆਂ ਨੂੰ ਵੀ ਵੇਚੇ ਜਾਂਦੇ ਹਨ।ਏਧਰਲਿਆ ਨੂੰ ਪਰਵਾਸ ਦੇ ਖੂਬਸੂਰਤ ਨਜ਼ਾਰਿਆਂ ਅਤੇ ਮਨਭਾਉਂਦੀਆਂ ਆਰਥਿਕ ਅਤੇ ਭਾਵੁਕ ਸਫ਼ਲਤਾਵਾਂ ਦੇ ਅਤੇ ਉਧਰਲਿਆਂ ਨੂੰ ਏਧਰਲੇ ਪੰਜਾਬ ਦੇ 'ਸ਼ਾਨਾਮੱਤੇ' ਵਿਰਸੇ, ਨਿੱਘੇ ਰਿਸ਼ਤਿਆਂ, ਅਮੀਰ ਘਰਾਂ ਅਤੇ ਖੂਬਸੂਰਤ ਪਿੰਡਾਂ ਦੇ। ਇਨ੍ਹਾਂ ਫ਼ਿਲਮਾਂ ਦੁਆਰਾ ਸਿਰਜੇ ਸੁਪਨਿਆਂ ਦੇ ਸੰਸਾਰ ਵਿੱਚ ਗੁਆਚਿਆ ਪੰਜਾਬੀ ਬੰਦਾ ਅਛੋਪਲੇ ਹੀ ਅਸਲੀ ਜੀਵਨ ਦੀਆਂ ਦੁਸ਼ਵਾਰੀਆਂ ਤੋਂ ਪਾਸਾ ਵੱਟ ਜਾਂ ਤਾਂ ਭੂਤ ਦੇ ਰੋਮਾਂਟਿਕ ਵਾਤਾਵਰਨ, (ਲੋਕ-ਧੁਨਾਂ, ਲੋਕ-ਨਾਚ, ਪ੍ਰੰਪਰਕ ਸਜਾਵਟੀ ਕੱਪੜੇ, ਉਚੇਰੇ ਰਿਸ਼ਤੇ ਜਾਂ ਫਿਰ ਵਿਦੇਸ਼ਾਂ ਦੀ ਭਰਮਾਊ ਚਕਾਚੌਂਧ) ਵੱਡੀਆਂ ਕਾਰਾਂ, ਵੱਡੇ ਘਰ ਅਤੇ ਸੋਹਣੀਆਂ ਕੁੜੀਆਂ ਵਿੱਚ ਮਗਨ ਤੋਂ ਜਾਂਦਾ ਹੈ।" 3

ਭਾਰਤੀ ਸਿਨੇਮਾ 'ਤੇ ਗੱਲ ਕਰਦੇ ਹੋਏ ਅਸੀ ਇਸ ਅਦਾਰੇ ਦੇ ਬਦਲਾਵ ਨਾਲ ਜੁੜਨ ਦੀ ਇੱਛਾ ਰੱਖਦੇ ਹਾਂ, ਜਿਸ ਨੇ ਪਿਛਲੇ ਦਹਾਕੇ ਵਿੱਚ ਅਣਮਿੱਥੇ ਤਰੀਕੇ ਨਾਲ ਜਨਤਕ ਕਲਪਨਾ ਨੂੰ ਪ੍ਰਭਾਵਿਤ ਕਰਨ, ਸੂਚਿਤ ਕਰਨ ਅਤੇ ਪ੍ਰਭਾਵੀ ਪੁੱਛਗਿੱਛ ਦੇ ਇੱਕ ਸਹਿਭਾਗੀ, ਸਰਗਰਮ ਅਤੇ ਸੰਵੇਦਨਸ਼ੀਲ ਮਾਧਿਅਮ ਵਜੋਂ ਉਭਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਕਿਸੇ ਖਾਸ ਖੇਤਰ ਦੇ ਸਿਨੇਮਾ ਨੂੰ ਨਹੀਂ, ਸਗੋਂ 'ਇੰਡੀਅਨ ਸਿਨੇਮਾ' ਦੇ ਚਰਿੱਤਰ ਨੂੰ ਦਰਸਾਉਣ ਦੀਆਂ ਸੰਭਾਵਨਾਵਾਂ ਅਤੇ ਮਾਪਦੰਡਾਂ ਦਾ ਪਤਾ ਲਾਉਣ ਲਈ ਨਵੇਂ ਤਰੀਕੇ ਵੱਲ ਅੱਗੇ ਵਧਣਾ ਚਾਹੁੰਦੇ ਹਾਂ।

ਕਿਵੇਂ ਭਾਰਤੀ ਸਿਨੇਮਾ ਸਮਾਜਿਕ-ਰਾਜਨੀਤਿਕ ਖੇਤਰ ਵਿਚ ਸਮਕਾਲੀ ਸ਼ਿਫਟਾਂ ਦੇ ਨਾਲ ਤਾਲਮੇਲ ਬਣਾਈ ਰੱਖਣ ਵਿੱਚ ਕਾਮਯਾਬ ਹੋਇਆ ਹੈ ਅਤੇ 21ਵੀਂ ਸਦੀ ਵਿੱਚ ਭਾਰਤ ਦੇ ਬਦਲਦੇ ਵਿਚਾਰ ਨੂੰ ਬਹੁਤ ਸਾਰੇ ਦ੍ਰਿਸ਼ਟੀਕੋਣ ਪੇਸ਼ ਕਰਕੇ ਖੁਸ਼ਹਾਲ ਬਣਾਇਆ ਹੈ?ਅਜੋਕੇ ਸਮੇਂ ਦੇ ਮੁੱਦੇ, ਖਾਹਿਸ਼ਾਂ ਅਤੇ ਚਿੰਤਾਵਾਂ ਕੀ ਹਨ?ਅਤੇ ਮੌਜੂਦਾ ਸਿਆਸੀ ਦ੍ਰਿਸ਼ ਨੂੰ ਸਕਰੀਨ ਉੱਤੇ ਕਿਵੇਂ ਅਨੁਵਾਦ ਕੀਤਾ ਹੈ?ਸਿਨੇਮਾ ਸਮਕਾਲੀ ਭਾਰਤ ਦੀਆਂ ਸਮੱਸਿਆਵਾਂ, ਚੁਣੌਤੀਆਂ ਅਤੇ ਸੂਖਮ ਚੀਜ਼ਾਂ ਨੂੰ ਕਿਵੇਂ ਸੰਬੋਧਿਤ ਕਰਦਾ ਹੈ? ਖੇਤਰੀ ਵਿਭਿੰਨਤਾਵਾਂ ਦੇ ਵਿਚ ਭਾਰਤੀ ਸਿਨੇਮਾ ਖੇਤਰਾਂ ਅਤੇ ਰਾਸ਼ਟਰ ਦੇ ਵਿੱਚ ਕਿਸ ਤਰ੍ਹਾਂ ਦੇ ਸੰਬੰਧਾਂ ਨੂੰ ਦਰਸਾਉਂਦਾ ਹੈ।ਕਿਹੜੇ ਨਵੇਂ ਤਰੀਕੇ ਹਨ ਜਿਨ੍ਹਾਂ ਵਿੱਚ ਖੇਤਰੀ ਖੇਤਰ ਰਾਸ਼ਟਰੀ ਮੁੱਦਿਆਂ ਦੀ ਪੁੱਛ-ਗਿੱਛ ਕਰ ਰਹੇ ਹਨ ਅਤੇ 'ਭਾਰਤ ਦਾ ਵਿਚਾਰ' ਵਧਾ ਰਹੇ ਹਨ।ਕੀ ਇਹ ਭਾਰਤ ਦਾ ਇੱਕ ਖੰਡਿਤ ਵਿਚਾਰ ਹੈ ਜੋ ਇਹ ਰੂਪ ਪੇਸ਼ ਕਰਦਾ ਹੈ।21ਵੀਂ ਸਦੀ ਦੇ ਭਾਰਤੀ ਸਿਨੇਮਾ ਦੇ ਤੌਰ ਤੇ ਜਾਣਿਆ ਜਾ ਸਕਣ ਵਾਲੀ ਸ਼੍ਰੇਣੀ ਬਣਾਉਣ ਲਈ ਸਿਨੇਮੇ ਦੀ ਪ੍ਰਤਿਨਿਧਤਾ ਦੇ ਚਰਿੱਤਰ ਅਤੇ ਸਮੱਗਰੀ ਵਿੱਚ ਕਿਹੜੀਆਂ ਭਿੰਨਤਾਵਾਂ ਹਨ।ਭਾਰਤੀ ਅਰਥਵਿਵਸਥਾ ਅਤੇ ਨਵੀਨਤਮ ਤਕਨੀਕੀ ਤਰੱਕੀ ਨੇ ਸਮਕਾਲੀ ਭਾਰਤੀ ਸਿਨੇਮਾ ਦੇ ਸੁਭਾਅ ਅਤੇ ਚਰਿੱਤਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।ਭਾਰਤੀ ਸਿਨੇਮਾ ਦੇ ਭਾਸ਼ਾਈ ਅਤੇ ਖੇਤਰੀ ਯੂਨਿਟਾਂ 'ਚੋਂ ਕੱਟੀਆਂ ਸੰਮੇਲਨਾਂ ਅਤੇ ਵਿਸ਼ਾ ਵਸਤੂਆਂ ਕੀ ਹਨ ਜੋ ਭਾਰਤ ਦੇ ਵਿਚਾਰ ਨੂੰ ਮੁੜ ਸੰਦਰਭ, ਉਪਸੱਤਾ ਅਤੇ ਪ੍ਰਸ਼ਨ ਕਰਨ ਦਾ ਇਰਾਦਾ ਰੱਖਦੇ ਹਨ।ਇਹ ਫਿਲਮਾਂ ਕਿਵੇਂ ਤਿਆਰ ਕੀਤੀਆਂ ਜਾਣਗੀਆਂ।ਕੀ ਸਮਕਾਲੀ ਭਾਰਤੀ ਸਿਨੇਮਾ ਇੱਕ ਵਿਕਲਪਕ ਸੁਹਜ-ਸ਼ਾਸਤਰੀ ਅਤੇ ਵਧੀਆ ਕਿਸਮ ਦੀਆਂ ਕਹਾਣੀਆਂ ਦੀ ਪੇਸ਼ਕਸ਼ ਕਰਦਾ ਹੈ।ਇਹ ਸਭ ਆਉਣ ਵਾਲੇ ਸਮੇਂ ਵਿੱਚ ਹੀ ਪਤਾ ਲੱਗੇਗਾ।

## ਹਵਾਲੇ ਅਤੇ ਟਿੱਪਣੀਆਂ


1. ਸੁਮਨ ਕੁਮਾਰੀ, ਭਾਰਤੀ ਸਿਨੇਮਾਂ: ਇਤਿਹਾਸ, ਵਰਤਮਾਨ ਅਤੇ ਭਵਿੱਖ ਦੇ ਨਜ਼ਰੀਏ 'ਚ, ਆਰਟੀਕਲ, ਪੰਨਾ-35
2. ਡਾ. ਗੁਰਮੁਖ ਸਿੰਘ 'ਪੰਜਾਬੀ ਲੋਕ-ਮਨ ਅਤੇ ਗੀਤਾਂ ਦਾ ਫ਼ਿਲਮਾਂਕਣ, (ਸੰਪਾ: ਡਾ. ਭੁਪਿੰਦਰ ਸਿੰਘ ਖਹਿਰਾ, ਡਾ. ਸੁਰਜੀਤ ਸਿੰਘ, (ਲੋਕਧਾਰਾ ਦੀ ਭੂਮਿਕਾ) ਪੰਜਾਬੀ ਲੋਕਧਾਰਾ ਬਾਰੇ ਨਿਬੰਧਾਂ ਦਾ ਸੰਗ੍ਰਹਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ-86
3. ਡਾ. ਗੁਰਮੁਖ ਸਿੰਘ, ਮੀਡੀਆ, ਹਿੰਸਾਂ ਅਤੇ ਪੰਜਾਬੀ ਸਭਿਆਚਾਰ, ਆਰਟੀਕਲ, ਪੰਨਾ-120